ਵੱਲੋਂ

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ

ਪ੍ਰਿੰਸੀਪਲ,
ਸਮੂਹ ਇੰਜਨੀਅਰਿੰਗ ਕਾਲਜ।

ਮੀਮੋ ਨੰ: 10 /ਸ-3/ਈ.ਸੀ.ਸੀ./2013 ਮਿਤੀ: 04.02.2013

ਵਿਸ਼ਾ:- ਸਾਲ 2012-13 ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਐਸ.ਸੀ./ਓ.ਬੀ.ਸੀ. ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਸਬੰਧੀ।

ਇਹ ਦਸਿਆ ਜਾਂਦਾ ਹੈ ਕਿ ਸਾਲ 2012-13 ਦੇ ਐਸ.ਸੀ./ਓ.ਬੀ.ਸੀ. ਦੇ ਵਿਦਿਆਰਥੀਆਂ ਦੇ ਕਲੇਮ ਵਿਭਾਗ ਵਲੋਂ ਮਿਤੀ 30.11.2012 ਤੱਕ ਮੰਗੇ ਗਏ ਸਨ ਅਤੇ ਦੁਬਾਰਾ ਉਨ੍ਹਾਂ ਕੇਸਾਂ ਨੂੰ ਪ੍ਰਾਪਤ ਕਰਨ ਦੀ ਮਿਤੀ 31.01.2013 ਤੱਕ ਵਾਧਾ ਕਰ ਦਿੱਤਾ ਗਿਆ ਸੀ। ਪਰੰਤੂ ਵਿਰ ਵੀ ਕਈ ਸੰਸਥਾਂਵਾਂ ਪਾਸੋਂ ਅੱਜ ਤੱਕ ਕਲੇਮ ਪ੍ਰਾਪਤ ਨਹੀਂ ਹੋਏ ਅਤੇ ਨਾਂ ਹੀ ਸੰਸਥਾਵਾਂ ਪਾਸੋਂ ਇਹ ਸਰਟੀਫਿਕੇਟ ਦਿੱਤਾ ਗਿਆ ਹੈ ਕਿ ਆਪ ਦੀ ਸੰਸਥਾ ਵਿੱਚ ਇਸ ਸਕੀਮ ਅਧੀਨ ਕੋਈ ਵੀ ਐਸ.ਸੀ. /ਓ.ਬੀ.ਸੀ. ਦਾ ਇਸ ਸਕੀਮ ਅਧੀਨ ਸਕਾਲਰਸ਼ਿਪ ਸਬੰਧੀ ਕਿਸੇ ਵਿਦਿਆਰਥੀ ਦਾ ਕੇਸ ਪੈਂਡਿੰਗ ਨਹੀਂ ਹੈ ਅਤੇ ਕਈ ਸੰਸਥਾਵਾਂ ਦੇ ਕੇਸ ਅਧੂਰੇ ਪਾਏ ਗਏ ਹਨ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਹਦਾਇਤਾਂ ਅਧੀਨ ਮੁਕੰਮਲ ਕੇਸ ਮਿਤੀ 06.02.2013 ਤੱਕ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਉਪਰੋਕਤ ਅਨੁਸਾਰ ਸਰਟਿਫਿਕੇਟ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ । ਜੇਕਰ ਆਪ ਵਲੋਂ ਮਿਥੀ ਮਿਤੀ ਤੱਕ ਕੇਸ ਪ੍ਰਾਪਤ ਨਹੀਂ ਹੁੰਦੇ ਤਾਂ ਸਾਲ 2013-14 ਤੋਂ ਆਪਦੀ ਸ੍ਰੰਸਥਾ ਨੂੰ **No Admission Zone** ਵਿਚ ਸ਼ਾਮਲ ਕਾਰਨ ਬਾਰੇ ਵਿਚਾਰ ਕੀਤਾ ਜਾਵੇਗਾ । ਇਸਨੂੰ ਅਤਿ ਜਰੂਰੀ ਸਮਝਿਆ ਜਾਵੇ । ਇਸਤੋਂ ਇਲਾਵਾ ਜੇਕਰ ਆਪ ਵਲੋਂ ਮੁਕੰਮਲ ਕੇਸ ਭੇਜਿਆ ਹੋਇਆ ਹੈ ਅਤੇ ਕਾਗਜ਼ੀ ਪ੍ਰਕ੍ਰੀਆ ਪੂਰੀ ਕੀਤੀ ਹੋਈ ਹੈ ਤਾਂ ਇਹ ਪੱਤਰ ਆਪ ਨਾਲ ਸਬੰਧਤ ਨਹੀਂ ਹੈ ।

4/2

ਕੋਆਰਡੀਨੇਟਰ,
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।